## ਨਮੂਨੇ ਦਾ ਪ੍ਰਸ਼ਨ-ਪੱਤਰ

## ਸ਼੍ਰੇਣੀ: ਬਾਰ੍ਹਵੀਂ

## ਪੰਜਾਬੀ ਲਾਜ਼ਮੀ

## ਵਿੱਦਿਅਕ ਵਰ੍ਹਾ : 2023-24

**ਸਮਾਂ: 3 ਘੰਟੇ**

**ਲਿਖਤੀ : 80 ਅੰਕ**

**ਆਂਤਰਿਕ ਮੁਲਾਂਕਣ : 20 ਅੰਕ**

**ਕੁੱਲ: 100 ਅੰਕ**

1. ਸੁੰਦਰ ਲਿਖਾਈ ਲਈ 5 ਅੰਕ ਨਿਰਧਾਰਿਤ ਹਨ ਜੋ ਕਿ ਪ੍ਰਸ਼ਨ ਪੱਤਰ ਦੇ ਕੁੱਲ-80 ਅੰਕਾਂ ਵਿੱਚ ਹੀ ਸ਼ਾਮਲ ਹਨ।

2. ਵਸਤੂਨਿਸ਼ਠ ਪ੍ਰਸ਼ਨ :

ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰੇਕ ਪ੍ਰਸ਼ਨ 2 ਅੰਕਾਂ ਦਾ ਹੈ।

ਭਾਗ : ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਲਿਖੋ (ੳ)

(i) 'ਆਪਣਾ ਦੇਸ' ਕਹਾਣੀ ਦੇ ਕਿਸੇ ਇੱਕ ਪਾਤਰ ਦਾ ਨਾਂ ਲਿਖੋ। 2

(ii) ਦਲੀਪ ਕੌਰ ਟਿਵਾਣਾ ਦੀ ਕਿਹੜੀ ਕਹਾਣੀ ਲਾਜ਼ਮੀ ਪੰਜਾਬੀ :12' ਪਾਠ ਪੁਸਤਕ-'ਚ ਸ਼ਾਮਲ ਹੈ? 2

(iii) ਛਪਾਰ ਦਾ ਮੇਲਾ ਕਿਸ ਦੀ ਯਾਦ ਵਿੱਚ ਲੱਗਦਾ ਹੈ ? 2

(iv) ਇਸਤਰੀਆਂ ਦੇ ਕਿਸੇ ਦੋ ਲੋਕਨਾਚਾਂ ਦੇ ਨਾਂ ਲਿਖੋ।- 2

(v) 'ਵਗਦੇ ਪਾਣੀ' ਨਾਂ ਦੀ ਕਵਿਤਾ ਦੇ ਕਵੀ ਕੌਣ ਹਨ ? 2

5x2=10

ਭਾਗ (ਅ) ਬਹੋਣਵੇਂ ਪ੍ਰਸ਼ਨ:

(i) 'ਨੀਲੀ' ਕਹਾਣੀ ਵਿੱਚ ਗਵਾਲੇ ਦੇ ਚਰਿੱਤਰ ਦਾ ਗੁਣ ਕਿਹੜਾ ਹੈ?

(ੳ) ਇਨਸਾਨੀਅਤ ਵਾਲਾ (ਅ) ਹਮਦਰਦੀ ਭਰਿਆ

(ੲ) ਨਿਡਰਤਾ ਵਾਲਾ (ਸ) ਵਪਾਰਿਕ ਰੁਚੀ ਵਾਲਾ 2

(ii) 'ਜੀਤੋ' ਕਿਹੜੀ ਕਹਾਣੀ ਦੀ ਮੁੱਖ-ਪਾਤਰ ਹੈ?

(ੳ) ਸਾਂਝ (ਅ) ਸਤੀਆ ਸੋਈ

(ੲ) ਘਰ ਜਾਹ ਆਪਣੇ (ਸ) ਮਾੜਾ ਬੰਦਾ 2

(iii) 'ਰਿਗਵੇਦ' ਦੇ ਸਮੇਂ ਪੰਜਾਬ ਨੂੰ ਕਿਸ ਨਾ ਨਾਲ ਜਾਣਿਆ ਜਾਂਦਾ ਸੀ?

(ੳ) ਪੰਚ ਨਦ (ਅ) ਪੰਜ ਆਬ

(ੲ) ਸਪਤ ਸਿੰਧੂ (ਸ) ਕੈਕਯ ਦੇਸ 2

Downloaded from cclchapter.com

(iv) ਮਨੁੱਖ ਵਿੱਚ ਖੇਡਣ ਦਾ ਗੁਣ ਕਿਸ ਨੇ ਭਰਿਆ ਹੈ?

(ੳ) ਦੇਵਤਿਆਂ ਨੇ (ਅ) ਕੁਦਰਤ ਨੇ

(ੲ) ਕੋਚਾ ਨੇ (ਸ) ਸਹਿਯੋਗੀਆਂ ਨੇ 2

(v) 'ਤਾਜ ਮਹੱਲ' ਕਵਿਤਾ ਪੜ੍ਹ ਕੇ ਕਵੀ ਦੀ ਹਮਦਰਦੀ ਕਿਸ ਧਿਰ ਵੱਲ ਜਾਪਦੀ ਹੈ?

(ੳ) ਸ਼ਾਸ਼ਕ ਧਿਰ (ਅ) ਸ਼ੋਸ਼ਿਤ ਧਿਰ

(ੲ) ਸਮਾਜਿਕ ਧਿਰ (ਸ) ਸੰਗਾਊ ਧਿਰ 2

ਭਾਗ (ੲ) ਹੇਠ ਲਿਖੇ ਕਥਨਾਂ ਵਿੱਚੋਂ ਕਿਹੜਾ ਕਥਨ ਸਹੀ ਹੈ ਤੇ ਕਿਹੜਾ ਗ਼ਲਤ:

(i) ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੀ ਪਤਨੀ ਦਾ ਰਿਕਸ਼ੇ ਵਾਲੇ ਨਾਲ ਝਗੜਾ ਇਸ ਲਈ ਹੋਇਆ ਸੀ ਕਿਉਂਕਿ ਉਹ ਤੈਅ ਕੀਤੇ ਪੈਸੇ ਮੰਗਦਾ ਸੀ। 2

(ii) ਨੀਲੀ ਦੀ ਵੱਛੀ ਦੀ ਸ਼ਕਲ ਨਿਰੀਪੂਰੀ ਨੀਲੀ ਵਰਗੀ ਸੀ ।- 2

(iii) ਅੰਗਰੇਜ਼ੀ ਭਾਸ਼ਾ ਵਿੱਚ ਸੱਭਿਆਚਾਰ ਲਈ 'ਕਲਚਰ' ਸ਼ਬਦ ਵਰਤਿਆ ਜਾਂਦਾ ਹੈ | 2

(iv) ਬਾਗ਼ ਦੀ ਕਢਾਈ ਦੀ ਲੋਕਕਲਾ ਵਿੱਚ ਵਿਸ਼ੇਸ਼ ਥਾਂ ਨਹੀ-ਂ ਹੈ । 2

(v) 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ `ਚ ਕਵੀ ਨੂੰ ਮਨੁੱਖਾਂ ਦੀ ਪੂਜਾ ਦੀ ਥਾਂ ਠੀਕਰੀਆਂ ਦੀ ਪੂਜਾ ਕਰਨ ਦਾ ਦੁੱਖ ਹੈ । 2

5x2=10

ਭਾਗ : ਖ਼ਾਲੀ ਥਾਂਵਾਂ ਭਰੋ (ਸ)

(i) ਆਪੇ ਮੈਂ ਰੋਜੀਪੂੰਜੀ ਆਪੇ ਮੇਰੇ-................. ਜੀਣ । (ਬੱਚੇ/ਰਿਸ਼ਤੇਦਾਰ/ਨਿਆਣੇ) 2

(ii) ਘੜੇ ਨੂੰ ਹੱਥ ਲਾਇਆ ਸਾਰਾ................. ਤਿਹਾਇਆ । (ਕੁਨਬਾ/ਟੱਬਰ/ਪਰਿਵਾਰ) 2

(iii) ਪੰਜਾਬੀਆਂ ਵਿੱਚ ਵਿਦੇਸ਼ ਜਾਣ ਦਾ ਰੁਝਾਨ........ ਹੈ । ਪਹਿਲਾਂ ਵਾਂਗ/ਵਧਿਆ-ਘਟਿਆ)) 2

(iv) .........................ਪੰਜਾਬ ਦਾ ਸਿਰਤਾਜ ਲੋਕ(ਲੁੱਡੀ/ਗਿੱਧਾ/ਕਿੱਕਲੀ) ਨਾਚ ਹੈ ।- 2

(v) ਕਵਿਤਾ 'ਦੋਸਤਾ' ਵਿੱਚ ਕਵੀ ਨੂੰ ਮਨੁੱਖ ਦੀ ਮੰਜ਼ਲ........... ਦੀ ਵਿੱਥ 'ਤੇ ਨਜ਼ਰ ਆਉਂਦੀ ਹੈ ।

(ਦੋ ਕਦਮਾਂ (ਅਣਗਿਣਤ ਕਦਮਾਂ/ਚਾਰ ਕਦਮਾਂ/ 2

5×2=10

3. ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ:

(ੳ) ਪੇਸ਼ਕਾਰੀ ਦੇ ਪੱਖੋਂ ਨਕਲਾਂ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ ? 3

(ਅ) ਪੰਜਾਬੀ ਮੌਤਿਆਚਾਰ ਵਿੱਚ ਪਿਛਲੇ ਕੁਝ ਦਹਾਕਿਆਂ ਤੋਂ ਖਾਣ-ਪੀਣ ਵਿੱਚ ਆਈ ਤਬਦੀਲੀ ਬਾਰੇ ਚਾਨਣਾ ਪਾਓ । 3

Downloaded from cclchapter.com

(ੲ) ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ ? 3

(ਸ) ਸੌਕਰ-ਭਿੱਜੀ ਲੋਕ-ਖੇਡ ਬਾਰੇ ਜਾਣਕਾਰੀ ਦਿਓ | 3

(ਹ) 'ਲੋਕ-ਕਿੱਤੇ ਦੀ ਵਿਸ਼ੇਸ਼ਤਾ ਉਦਾਹਰਨਾਂ ਸਹਿਤ ਦੱਸੋ। 3

3+3=6

4. ਤੁਹਾਡੇ ਕਸਬੇ ਵਿੱਚ ਦੋ-ਪਹੀਆ ਵਾਹਨਾਂ ਦੀ ਮੰਗ ਦਿਨੋ-ਦਿਨ ਵਧ ਰਹੀ ਹੈ ਜਿਸ ਦੇ ਚੱਲਦਿਆਂ ਹੀਰੋ ਮੋਟਰਜ਼, ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ | 1+3+1=5

ਜਾਂ

ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਭਾਰਤ ਜੀਵਨ-ਬੀਮਾ ਨਿਗਮ ਨੂੰ ਆਪਣੀ ਯੋਗਤਾ ਦੱਸਦੇ ਹੋਏ ਬੀਮਾ-ਏਜੰਟ ਬਣਨ ਲਈ ਪੱਤਰ ਲਿਖੋ | 1+3+1=5

5. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਲਿਖੋ :

ਅੰਗਰੇਜ਼ੀ ਦੇ ਇੱਕ ਲਿਖਾਰੀ ਨੇ ਕਿਹਾ ਹੈ ਕਿ ਰਾਤ ਨੂੰ ਛੇਤੀ ਸੌਂ ਜਾਣ ਨਾਲ ਅਤੇ ਸਵੇਰੇ ਤੜਕੇ ਉੱਠਣ ਨਾਲ ਸਿਹਤ, ਧਨ ਅਤੇ ਬੁੱਧੀ ਤਿੰਨੇ ਪ੍ਰਾਪਤ ਹੁੰਦੇ ਹਨ। ਸਵੇਰੇ ਤੜਕੇ ਉੱਠਣ ਨਾਲ ਬੰਦੇ ਨੇ ਆਪਣਾ ਬਹੁਤ ਸਾਰਾ ਕੰਮ ਮੁਕਾ ਲਿਆ ਹੁੰਦਾ ਹੈ ਜਿਸ ਵੇਲੇ ਕਿ ਦਲਿੱਦਰੀ ਹਾਲੇ ਬਿਸਤਰੇ ਵਿੱਚ ਘੁਰਾੜੇ ਮਾਰ ਰਹੇ ਹੁੰਦੇ ਹਨ। ਸਵੇਰੇ ਤੜਕੇ ਉੱਠਣ ਵਾਲ਼ਾ ਸੈਰ ਨੂੰ ਜਾ ਸਕਦਾ ਹੈ, ਕਸਰਤ ਕਰ ਸਕਦਾ ਹੈ ਜਿਸ ਨਾਲ ਉਹ ਸਾਰਾ ਦਿਨ ਖੁਸ਼ ਰਹਿੰਦਾ ਹੈ ਅਤੇ ਬਿਨਾਂ ਥਕੇਵੇਂ ਦੇ ਕੰਮ ਕਰ ਸਕਦਾ ਹੈ ਉਸ ਨੂੰ ਕਿਸੇ ਕੰਮ ਵਿੱਚ ਕਾਹਲ ਕਰਨ ਦੀ ਲੋੜ ਨਹੀਂ ਹੁੰਦੀ | ਕੰਮ ਉਹਦੇ ਉੱਤੇ ਸਵਾਰ ਨਹੀਂ ਹੁੰਦਾ, ਉਹ ਕੰਮ ਉੱਤੇ ਸਵਾਰ ਹੁੰਦਾ ਹੈ। ਉਹ ਬਿਨਾਂ ਘਬਰਾਹਟ, ਹਫੜਾ-ਦਫੜੀ ਦੇ ਆਪਣੀ ਕੁਦਰਤੀ ਚਾਲ ਨਾਲ ਚੱਲਦਾ ਹੈ। ਉਹ ਕੰਮ ਵੀ ਖਰਾ ਕਰੇਗਾ ਅਤੇ ਅਰਾਮ ਕਰਨ ਲਈ ਵੀ ਕਾਫ਼ੀ ਸਮਾਂ ਬਚਾ ਲਵੇਗਾ। ਜਿਹੜੀ ਸੁਆਣੀ ਸੂਰਜ ਦੇਵਤਾ ਨਾਲ ਜ਼ਿਦ ਲਾ ਕੇ ਸੁੱਤੀ ਰਹਿੰਦੀ ਹੈ ਕਿ ਤੂੰ ਉਦੈ ਹੋਵੇਂਗਾ ਤਾਂ ਉੱਠਾਂਗੀ, ਉਹਦੇ ਤੋਂ ਘਰ ਵਾਲਿਆਂ ਨੇ ਕੀ ਆਸ ਰੱਖਣੀ। 3+1=4

6. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਇੱਕ ਸ਼ਬਦ-ਸਮੂਹ ਨੂੰ ਕੋਸ਼-ਤਰਤੀਬ ਅਨੁਸਾਰ ਲਿਖੋ :

| (ੳ) | (ਅ) |
|---|---|
| ਢਿੱਲਾ | ਪੂਛਲ |
| ਡਿਓਢੀ | ਜ਼ਿਲ੍ਹੇਦਾਰ |
| ਠਠਿਆਰ | ਝਗੜਾਲੂ |
| ਟਿਕਣਾ | ਗਲਵੱਕੜੀ |
| ਡੰਗਰ | ਪੂਜਨੀਕ |
| ਕਾਇਰ | ਜੱਦੋ-ਜਹਿਦ |

$6 \times {}^{1}/_{2} = 3$

Downloaded from cclchapter.com

7. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ: ਵਟਾਂਦਰਾ ਕਰੋ-

| | | |
|---|---|---|
| (ੳ) ਮੇਰੀ ਇੱਛਾ ਹੈ ਕਿ ਮੈਂ ਅਮੀਰ ਹੋਵਾਂ। | ਵਿਸਮੈ-ਵਾਚਕ ਵਾਕ | 1 |
| (ਅ) ਕੋਈ ਸੋਹਣਾ ਜਿਹਾ ਗੀਤ ਸੁਣਾਓ \| | ਪ੍ਰਸ਼ਨ ਵਾਚਕ ਵਾਕ- | 1 |
| (ੲ) ਸਮਝਦਾਰ ਬੱਚੇ ਮਾਪਿਆਂ ਦਾ ਕਿਹਾ ਮੰਨਦੇ ਹਨ। | ਮਿਸ਼ਰਿਤ ਵਾਕ | 1 |
| (ਸ) ਮਿਹਨਤ ਸਫਲ ਹੋਈ | ਨਾਂਹ-ਵਾਚਕ ਵਾਕ | 1 |
| (ਹ)ਮੈਂ ਰੋਟੀ ਖਾ ਰਿਹਾ ਹਾਂ | ਕਰਮਣੀ-ਵਾਚਕ ਵਾਕ | 1 |

1+1+1=3

8. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ :

(ੳ) ਭੱਜਦਿਆਂ ਨੂੰ ਵਾਹਣ ਇੱਕੋ-ਜਿਹੇ 2

(ਅ) ਇੱਕ ਦਰ ਬੰਦ ਸੌ ਦਰ ਖੁੱਲਾ 2

(ੲ) ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ ਤੇ ਮੋਹਰਾਂ 2

(ਸ) ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਵੰਡ 2

(ਹ) ਕੁੱਤਾ ਭੌਂਕੇ ਬੌਂਦਲ ਰੱਜੇ, ਨਾ ਉਹ ਵੱਢੇ ਨਾ ਉਹ ਵੈਸੇ 2

2+2+2=6

9. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ:

(ੳ) ਐਵੇਂ ਨਾ ਬੁੱਤਾਂ ਤੇ ਡੋਲ੍ਹੀ ਜਾ ਪਾਣੀ (ਸੁਰਜੀਤ ਪਾਤਰ) 3

(ਅ) ਤਾਜ ਮਹੱਲ (ਪ੍ਰੋ. ਮੋਹਨ ਸਿੰਘ) 3

(ੲ) ਵਾਰਸ ਸ਼ਾਹ (ਅੰਮ੍ਰਿਤਾ ਪ੍ਰੀਤਮ) 3

3×1=3

10. ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

(ੳ) ਆਪਣਾ ਦੇਸ (ਸੰਤੋਖ ਸਿੰਘ ਧੀਰ)

(ਅ) ਘਰ ਜਾਹ ਆਪਣੇ (ਗੁਲਜ਼ਾਰ ਸਿੰਘ ਸੰਧੂ) 5×1=5

Downloaded from cclchapter.com